# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times | 11 ਮਾਰਚ 2024 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡਾ ਸਰਕਾਰ ਹੁਨਰਮੰਦ ਕਾਰੋਬਾਰ ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਨ ਹਿਤ 28 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ

### 15 ਪ੍ਰੋਜੈਕਟਾਂ ਵਿੱਚੋਂ ਇੱਕ ਪ੍ਰੋਜੈਕਟ ਪਿਕਸ ਸੋਸਾਇਟੀ ਸਰੀ ਲਈ ਹੋਵੇਗਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 11 ਮਾਰਚ : ਕੈਨੇਡਾ ਦੇ ਰੁਜ਼ਗਾਰ, ਕਾਰਜ ਸ਼ਕਤੀ, ਵਿਕਾਸ ਅਤੇ ਸਰਕਾਰੀ ਭਾਸ਼ਾਵਾਂ ਦੇ ਮੰਤਰੀ ਰੈਂਡੀ ਬੋਇਸਨੌਲਟ ਨੇ ਔਰਤਾਂ ਨੂੰ ਹੁਨਰਮੰਦ ਕਿੱਤਿਆਂ ਦੀ ਖੋਜ, ਉਹਨਾਂ ਦੀ ਤਿਆਰੀ ਅਤੇ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਜਿਸ ਤਹਿਤ ਸਰਕਾਰ ਵੱਲੋਂ 39 ਰੈੱਡ ਸੀਲ ਟਰੇਡਾਂ ਵਿਚਲੀਆਂ ਰੁਕਾਵਟਾਂ ਹਟਾਉਣ ਲਈ ਅਤੇ ਕਰੀਅਰ ਬਣਾਉਣ ਵਿਚ 6,400 ਯੋਗ ਔਰਤਾਂ ਦੀ ਸਹਾਇਤਾ ਕਰਨ ਲਈ 15 ਪ੍ਰੋਜੈਕਟ ਉਲੀਕੇ ਗਏ ਹਨ ਜਿਨ੍ਹਾਂ ਉਪਰ 28 ਮਿਲੀਅਨ ਡਾਲਰ ਤੋਂ ਵੱਧ ਫੰਡ ਖਰਚ ਕੀਤੇ ਜਾਣਗੇ।



ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ (P I C S ) ਸੋਸਾਇਟੀ ਸਰੀ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਵਿਚ ਇਹ ਐਲਾਨ ਗਰਦਿਆਂ ਰੈਂਡੀ ਬੋਇਸੋਨੌਲਟ ਨੇ ਕਿਹਾ ਕਿ ਐਲਾਨ ਕੀਤੇ ਗਏ ਇਨ੍ਹਾਂ ਪ੍ਰੋਜੈਕਟਾਂ ਵਿੱਚੋਂ ਇੱਕ ਪ੍ਰੋਜੈਕਟ ਪਿਕਸ ਸੁਸਾਇਟੀ ਸਰੀ ਲਈ ਹੋਵਗਾ ਜਿਸ ਰਾਹੀਂ 120 ਨਵੀਆਂ ਪ੍ਰਵਾਸੀ ਅਪ੍ਰੈਂਟਿਸ ਔਰਤਾਂ ਨੂੰ ਕੈਨੇਡਾ ਵਿਚ ਆਪਣਾ ਕਰੀਅਰ ਨੈਵੀਗੇਟ ਕਰਨ ਲਈ ਹੁਨਰ ਅਤੇ ਉੱਤਮਤਾ ਪ੍ਰਦਾਨ ਕਰਨ ਵਿਚ ਮਦਦ ਕੀਤੀ ਜਾਵੇਗੀ।

ਇਸ ਮੌਕੇ ਬੋਲਦਿਆਂ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ (ਪਿਕਸ) ਸੋਸਾਇਟੀ ਦੇ ਸੀਈਓ ਅਤੇ ਪ੍ਰਧਾਨ ਸਤਿਬੀਰ ਸਿੰਘ ਚੀਮਾ ਨੇ ਕਿਹਾ ਕਿ ਪਿਕਸ ਸੁਸਾਇਟੀ ਆਪਣੇ ਭਾਗੀਦਾਰਾਂ ਨੂੰ ਤਕਨੀਕੀ ਹੁਨਰ, ਪ੍ਰਮਾਣੀਕਰਨ ਅਤੇ ਵਿਹਾਰਕ ਤਜਰਬੇ ਸਹਿਤ ਅਜਿਹੀ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰਨ ਲਈ ਉਤਾਵਲੀ ਹੈ ਜਿਸ ਦੀ ਵਪਾਰਕ ਖੇਤਰ ਵਿੱਚ ਬੇਹੱਦ ਲੋੜ ਹੈ। ਇਹ ਪ੍ਰੋਗਰਾਮ ਔਰਤਾਂ ਨੂੰ ਉਹਨਾਂ ਦੇ ਵਪਾਰਕ ਪ੍ਰਮਾਣੀਕਰਨ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਉਹਨਾਂ ਦੇ ਭਵਿੱਖਤ ਕਰੀਅਰ ਲਈ ਲੋੜੀਂਦੇ ਵਿਹਾਰਕ ਹੁਨਰ ਪ੍ਰਾਪਤ ਕਰਨ ਵਿਚ ਸਹਾਇਤਾ ਕਰੇਗਾ।

## ਨਿਮਾਣਿਆਂ ਦਾ ਮਾਨ(ਬੰਦਗੀ ਦੀ ਦਾਤ) ਟ੍ਰੈਕ ਨਾਲ ਜਾਗੋ ਲਹਿਰ ਕਵੀਸ਼ਰੀ ਜੱਥਾ ਘੱਲ ਕਲਾਂ ਮੁੜ ਤੋਂ ਚਰਚਾ ਚ'.... ਪ੍ਰੀਤ ਘੱਲ ਕਲਾਂ

ਵਰਲਡ ਪੰਜਾਬੀ ਟਾਈਮਜ਼



ਘੱਲ ਕਲਾਂ 11 ਮਾਰਚ : ਹਾਲ ਹੀ ਵਿੱਚ ਇੰਟਰਨੈਸ਼ਨਲ ਕਵੀਸ਼ਰੀ ਜੱਥਾ ਜਾਗੋ ਲਹਿਰ ਘੱਲ ਕਲਾਂ ਦਾ ਨਵਾਂ ਧਾਰਮਿਕ ਟ੍ਰੈਕ ਨਿਮਾਣਿਆਂ ਦਾ ਮਾਨ ਰਿਲੀਜ਼ ਹੋਇਆਂ ਹੈ ਜਿਸਨੂੰ ਸਰੋਤਿਆਂ ਵੱਲੋਂ ਖੂਬ ਕਬੂਲਿਆ ਜਾ ਰਿਹਾ ਹੈ।ਗੀਤ ਦੇ ਪ੍ਰੋਡਿਊਸਰ ਪਰਦੀਪ ਸਿੰਘ ਨੇ ਗੱਲਬਾਤ ਦੇ ਦੌਰਾਨ ਦੱਸਿਆ ਕਿ ਇਸ ਗੀਤ ਦਾ ਮਿਊਜ਼ਿਕ ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਸੁੱਖ ਸਿੱਧੂ ਵੱਲੋਂ ਕੀਤਾਂ ਗਿਆ ਹੈ ਜਦ ਕਿ ਗੀਤ ਨੂੰ ਢਾਡੀ ਜਤਿੰਦਰ ਸਿੰਘ ਨੂਰਪੁਰੀ ਨੇ ਲਿਖਿਆ ਹੈ ਵੀਡੀਓ ਪ੍ਰਗਟ ਮੁੱਦਕੀ ਹੁਰਾਂ ਵੱਲੋਂ ਕੀਤਾਂ ਗਿਆ ਹੈ। ਪਰਦੀਪ ਸਿੰਘ ਨੇ ਇਹ ਵੀ ਦੱਸਿਆ ਕਿ ਜੱਥੇ ਦੇ ਪਹਿਲਾਂ ਆ ਚੁੱਕੇ ਬੀਰ ਰਸ ਵਾਲੇ ਟ੍ਰੈਕ ਸਟੇਟਹੁੱਡ,ਭੁਝੰਗੀ,ਕਾਲ ਅੱਪ ਨੂੰ ਸਰੋਤਿਆਂ ਵੱਲੋਂ ਖ਼ੂਬ ਕਬੂਲਿਆ ਗਿਆਂ ਸੀ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਕਈ ਟ੍ਰੈਕ ਜਿਵੇਂ ਕਿ ਪ੍ਰਸਿੱਧ ਲਿਖਾਰੀ ਕੋਮਲ ਆਲਮਵਾਲਾ ਤੇ ਮਸ਼ਹੂਰ ਲਿਖਾਰੀ ਚਰਨ ਲਿਖਾਰੀ ਹੁਰਾਂ ਦੇ ਲਿਖੇ ਹੋਏ ਗੀਤ ਕਵੀਸ਼ਰ ਜੱਥੇ ਦੀ ਅਵਾਜ਼ ਵਿੱਚ ਜਲਦ ਰਿਲੀਜ਼ ਕੀਤੇ ਜਾਣਗੇ।

## ਤਰਕਸ਼ੀਲਾਂ ਨੇ ਮੈਗਜ਼ੀਨ ਦਾ ਮਾਰਚ-ਅਪਰੈਲ ਅੰਕ ਲੋਕ ਅਰਪਣ ਕੀਤਾ

### ਜੋਤਸ਼ ਤੇ ਵਾਸਤੂ ਸ਼ਾਸਤਰ ਗੈਰ ਵਿਗਿਆਨਕ — ਤਰਕਸ਼ੀਲ

### ਅਖੌਤੀ ਸਿਆਣਿਆਂ, ਤਾਂਤਰਿਕਾਂ ਦੇ ਭਰਮ ਜਾਲ ਤੋਂ ਕੀਤਾ ਸਾਵਧਾਨ

### ਮਾਰਚ ਮਹੀਨੇ ਮਾਨਸਿਕ ਰੋਗਾਂ ਤੇ ਸੈਮੀਨਾਰ ਕਰਵਾਉਣ ਦਾ ਹੋਇਆ ਫੈਸਲਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ -11 ਮਾਰਚ : ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰਪਾਲ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ, ਸੀਤਾ ਰਾਮ ਬਾਲਦ ਕਲਾਂ ਤੇ ਲੈਕਚਰਾਰ ਜਸਦੇਵ ਸਿੰਘ ਨੇ ਸਮੂਹਿਕ ਰੂਪ ਵਿੱਚ ਦੱਸਿਆ ਕਿ ਮੀਟਿੰਗ ਦੌਰਾਨ ਇਕਾਈ ਦੀ ਸਰਗਰਮੀਆਂ ਤੇ ਵਿਚਾਰ ਚਰਚਾ ਕੀਤੀ ਗਈ ਤੇ ਇਕਾਈ ਵੱਲੋਂ ਬਰਨਾਲੇ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ ਤੇ ਜਲੰਧਰ ਕਨਵੈਨਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਤਰਕਸ਼ੀਲ ਮੈਗਜ਼ੀਨ ਦਾ ਮਾਰਚ-ਅਪਰੈਲ ਅੰਕ ਲੋਕ ਅਰਪਣ ਕੀਤਾ ਗਿਆ। ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਨੂੰ ਵੱਧ ਤੋਂ ਵੱਧ ਹੱਥਾਂ ਵਿੱਚ ਪਹੁੰਚਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਮਾਸਟਰ ਪਰਮਵੇਦ ਨੇ ਸੂਬਾ ਕਮੇਟੀ ਤੇ ਜ਼ੋਨ ਮੀਟਿੰਗਾਂ ਦੀ ਰਿਪੋਰਟਿੰਗ ਕਰਦਿਆਂ ਦੱਸਿਆ ਕਿ 7 ਤੇ 8 ਅਪ੍ਰੈਲ ਨੂੰ ਸੂਬਾ ਸਾਲਾਨਾ ਇਕੱਤਰਤਾ ਬਰਨਾਲਾ ਵਿਖੇ ਹੋਵੇਗੀ। ਮੀਟਿੰਗ ਵਿੱਚ ਜੋਤਿਸ਼ ਤੇ ਚਰਚਾ ਕਰਦੇ ਸਮੇਂ ਸਾਰਿਆਂ ਨੇ ਕਿਹਾ ਕਿ ਜੋਤਿਸ਼ ਤੇ ਵਾਸਤੂਸ਼ਾਸਤਰ ਗੈਰ ਵਿਗਿਆਨਕ ਹਨ।ਲੋਕਾਂ ਨੂੰ ਭਰਮਾਉਣ ਤੋਂ ਬਿਨਾਂ ਕੁਝ ਨਹੀਂ।

ਲੋਕਾਂ ਨੂੰ ਵਿਗਿਆਨ ਦੀਆਂ ਖੋਜਾਂ, ਕਾਢਾਂ ਦਾ ਲਾਹਾ ਲੈਣ ,ਅਖੌਤੀ ਸਿਆਣਿਆਂ ,ਜੋਤਸ਼ੀਆਂ,ਤਾਂਤਰਿਕਾਂ,ਵਾਸਤੂ ਸ਼ਾਸਤਰੀਆਂ ਦੇ ਫੈਲਾਏ ਭਰਮਜਾਲ, ਅੰਧਵਿਸ਼ਵਾਸਾਂ,ਵਹਿਮਾਂ ਭਰਮਾਂ,ਤੇ ਰੂੜ੍ਹੀਵਾਦੀ ਵਿਚਾਰਾਂ,ਅਰਥਹੀਣ,ਵੇਲਾ ਵਿਹਾ ਚੁੱਕੀਆਂ ਗਲੀਆਂ ਸੜੀਆਂ ਰਸਮਾਂ ਵਿਚੋਂ ਨਿਕਲਣ ਤੇ ਵਿਗਿਆਨਕ ਸੋਚ ਦੇ ਧਾਰਨੀ ਬਣਨ ਦਾ ਸੁਨੇਹਾ ਦਿੱਤਾ। ਆਗੂਆਂ ਕਿਹਾ ਕਿ ਇਸ ਦੁਨੀਆਂ ਵਿੱਚ ਘਟਨਾਵਾਂ ਵਾਪਰੀਆਂ ਹਨ ਇਨ੍ਹਾਂ ਦੇ ਕਾਰਨ ਜਾਨਣਾ ਹੀ ਤਰਕਸ਼ੀਲਤਾ ਹੈ। ਮੀਟਿੰਗ ਵਿੱਚ ਇਸੇ ਮਹੀਨੇ ਮਾਨਸਿਕ ਰੋਗਾਂ ਤੇ ਵਿਚਾਰ ਗੋਸ਼ਟੀ ਕਰਵਾਉਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਸੁਖਦੇਵ ਸਿੰਘ ਕਿਸ਼ਨਗੜ੍ਹ, ਪ੍ਰਗਟ ਸਿੰਘ ਬਾਲੀਆਂ, ਪਰਮਿੰਦਰ ਸਿੰਘ ਮਹਿਲਾਂ, ਮਨਧੀਰ ਸਿੰਘ,ਅਮਰ ਨਾਥ, ਗੁਰਦੀਪ ਸਿੰਘ,ਸੀਤਾ ਰਾਮ, ਲੈਕਚਰਾਰ ਜਸਦੇਵ ਸਿੰਘ ,ਮਾਸਟਰ ਰਣਜੀਤ ਸਿੰਘ, ਮਾਸਟਰ ਕਰਤਾਰ ਸਿੰਘ ਨੇ ਸ਼ਮੂਲੀਅਤ ਕੀਤੀ।

## ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਪੰਜਾਬੀ ਲੇਖਕ ਡਾ. ਕਰਨਜੀਤ ਸਿੰਘ ਦੇ ਦੇਹਾਂਤ ਤੇ ਦੁੱਖ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 11 ਮਾਰਚ : ਅਗਾਂਹ ਵਧੂ ਸੋਚ ਧਾਰਾ ਨੂੰ ਸਾਰੀ ਉਮਰ ਅਪਨਾਉਣ ਤੇ ਨਿਭਾਉਣ ਵਾਲੇ ਉੱਘੇ ਪੰਜਾਬੀ ਲੇਖਕ, ਆਲੋਚਕ ਤੇ ਡਾ. ਕਰਨਜੀਤ ਸਿੰਘ ਦਾ ਅੱਜ ਸਵੇਰੇ ਦਿੱਲੀ ਵਿੱਚ ਦੇਹਾਂਤ ਹੋ ਗਿਆ ਹੈ। ਉਹ 93 ਸਾਲਾਂ ਦੇ ਸਨ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋਃ ਗੁਰਭਜਨ ਸਿੰਘ ਗਿੱਲ ਨੇ ਡਾ. ਕਰਨਜੀਤ ਸਿੰਘ ਦੇ ਦੇਹਾਂਤ ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਪੱਟੀ ਦੇ ਜੰਮਪਲ ਡਾ.ਕਰਨਜੀਤ ਸਿੰਘ ਦਾ ਸਾਰਾ ਜੀਵਨ ਪੰਜਾਬੀ ਸਾਹਿਤ ਦੀ ਸੇਵਾ ਨੂੰ ਪਰਨਾਇਆ ਹੋਇਆ ਸੀ।1957 ਤੋਂ 1961 ਤੱਕ ਲੋਕ ਲਿਖਾਰੀ ਸਭਾ , ਅੰਮ੍ਰਿਤਸਰ ਦੇ ਜਨਰਲ ਸਕੱਤਰ ਰਹੇ ਅਤੇ ਮਗਰੋਂ ਜਾ ਕੇ ਪੰਜਾਬੀ ਸਾਹਿੱਤ ਸਭਾ ਦਿੱਲੀ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ। ਉਹ ਲੰਮਾ ਸਮਾਂ ਪੰਜਾਬੀ ਭਵਨ ਦਿੱਲੀ ਦੇ ਡਾਇਰੈਕਟਰ ਰਹੇ ਅਤੇ ਕਈ ਸਾਲ 'ਸਮਕਾਲੀ ਸਾਹਿਤ ' ਤ੍ਰੈਮਾਸਿਕ ਮੈਗਜ਼ੀਨ ਦੇ ਸੰਪਾਦਕ ਵੀ ਰਹੇ । ਆਪਣੇ ਆਖਰੀ ਵੇਲੇ ਤੱਕ ਉਹ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਮੈਂਬਰ ਸਨ ਅਤੇ ਸਭਾ ਦੀਆਂ ਸਰਗਰਮੀਆਂ ਵਿਚ ਲਗਾਤਾਰ ਹਿੱਸਾ ਪਾਉਂਦੇ ਰਹੇ। ਉਹਨਾਂ ਨੇ ਸਭ ਤੋਂ ਪਹਿਲਾਂ ਬਾਵਾ ਬਲਵੰਤ ਬਾਰੇ ਆਲੋਚਨਾ ਪੁਸਤਕ ਲਿਖੀ ਅਤੇ ਮਗਰੋਂ ਦੋ ਕਾਵਿ ਸੰਗ੍ਰਹਿ 'ਰਿਸ਼ਤੇ' ਅਤੇ 'ਫੁੱਲ ਵੀ ਅੰਗਿਆਰ ਵੀ' ਪ੍ਰਕਾਸ਼ਿਤ ਕਰਵਾਏ। ਸਾਹਿਤਕ ਹਸਤੀਆਂ ਨਾਲ ਮੁਲਾਕਾਤਾਂ ਤੇ ਆਧਾਰਿਤ ਦੋ ਕਿਤਾਬਾਂ 'ਕਲਮ ਦੀ ਅੱਖ' ਅਤੇ 'ਜਿੰਨ੍ਹਾਂ ਪਛਾਤਾ ਸੱਚ' ਬਹੁਤ ਮਕਬੂਲ ਹੋਈਆਂ ।

ਉਹਨਾਂ ਨੇ ਆਪਣੀ ਜੀਵਨ ਕਹਾਣੀ ਨੂੰ ਤਿੰਨ ਹਿੱਸਿਆਂ "ਮੈਂ ਭੋਲਾਵਾ ਪਗ ਦਾ," 'ਹਾਸ਼ੀਏ ਦੀ ਇਬਾਰਤ 'ਅਤੇ ' ਏਨੀ ਮੇਰੀ ਬਾਤ ' ਨਾਮ ਹੇਠ ਲਿਖਿਆ। ਡਾ. ਸਿੰਘ ਨੇ ਕਵਿਤਾ, ਲੋਕਧਾਰਾ, ਵਾਰਤਕ ਅਤੇ ਸਾਹਿਤਕ ਆਲੋਚਨਾ ਦੀਆਂ 17 ਕਿਤਾਬਾਂ ਲਿਖੀਆਂ ਹਨ। ਉਸ ਨੇ ਪੰਜਾਬੀ ਵਿੱਚ 50 ਤੋਂ ਵੱਧ ਕਿਤਾਬਾਂ ਅਨੁਵਾਦ ਵੀ ਕੀਤੀਆਂ ਹਨ ਅਤੇ ਇਨ੍ਹਾਂ ਵਿੱਚ ਅਲੈਗਜ਼ਾਂਦਰ ਪੁਸ਼ਕਿਨ, ਫ਼ਿਓਦਰ ਦੋਸਤੋਵਸਕੀ ਹੈ ਅਤੇ ਲਿਓ ਟਾਲਸਟਾਏ ਦੀਆਂ ਲਿਖਤਾਂ ਸ਼ਾਮਿਲ ਹਨ। ਭਾਰਤੀ ਸਾਹਿੱਤ ਅਕਾਡਮੀ ਨਵੀਂ ਦਿੱਲੀ ਲਈ ਉਨ੍ਹਾਂ ਪੰਜਾਬੀ ਕਵੀ ਤੇ ਸਿਰਮੌਰ ਅਨੁਵਾਦਕ ਪਿਆਰਾ ਸਿੰਘ ਸਹਿਰਾਈ ਜੀ ਬਾਰੇ ਵੀ ਪੁਸਤਕ ਲਿਖੀ ਸੀ।

ਭਾਰਤ ਦੇ ਗੌਰਵ ਗ੍ਰੰਥ,ਪੰਜਾਬੀ ਜੀਵਨ ਤੇ ਪੰਜਾਬੀ ਲੋਕਧਾਰਾ,ਪਾਣੀ ਕੇਰਾ ਬਦਬੁਦਾ (ਸਵੈਜੀਵਨੀ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪ ਰਹੀ ਹੈ। ਸੈਂਟਰਲ ਯੂਨੀਵਰਸਿਟੀ ਆਫ ਹਿਮਾਚਲ ਪ੍ਰਦੇਸ਼ ਧਰਮਸਾਲਾ ਵਿੱਚ ਪੰਜਾਬੀ ਤੇ ਡੋਗਰੀ ਵਿਭਾਗ ਦੇ ਅਧਿਆਪਕ ਡਾ. ਨਰੇਸ਼ ਕੁਮਾਰ ਨੇ ਉਨ੍ਹਾਂ ਬਾਰੇ "ਡਾ. ਕਰਨਜੀਤ ਸਿੰਘ: ਚਿੰਤਨ ਤੇ ਸਿਰਜਣਾ" ਪੁਸਤਕ ਵੀ ਲਿਖੀ। ਪਿਛਲੀ ਸਦੀ ਦੇ 70ਵੇਂ 80ਵੇਂ ਦਹਾਕਿਆਂ ਵਿੱਚ ਉਹ ਪ੍ਰਗਤੀ ਪ੍ਰਕਾਸ਼ਨ, ਮਾਸਕੋ ਵਿੱਚ ਬਤੌਰ ਅਨੁਵਾਦਕ ਸਰਗਰਮ ਰਹੇ ਤੇ ਉਹਨਾਂ ਨੇ ਰੂਸੀ ਦੀਆਂ ਬਹੁਤ ਸਾਰੀਆਂ ਸਾਹਿਤਕ ਅਤੇ ਸਿਆਸੀ ਰਚਨਾਵਾਂ ਨੂੰ ਪੰਜਾਬੀ ਵਿੱਚ ਉਲਥਾਇਆ। ਪ੍ਰੋ. ਗਿੱਲ ਨੇ ਕਿਹਾ ਕਿ ਬਾਰਾਂਖੰਭਾ ਰੋਡ ਨਵੀਂ ਦਿੱਲੀ ਦੇ ਸੋਵੀਅਤ ਕਲਚਰਲ ਸੈਟਰ ਵਿੱਚ ਵੀ ਉਨ੍ਹਾਂ ਦੀਆਂ ਪਿਆਰਾ ਸਿੰਘ ਸਹਿਰਾਈ,ਗੁਰਵੇਲ ਸਿੰਘ ਪੰਨੂੰ,ਗੁਰਬਚਨ ਸਿੰਘ ਭੁੱਲਰ, ਤੇਰਾ ਸਿੰਘ ਚੰਨ ਤੇ ਕੇਵਲ ਸੂਦ ਨਾਲ ਜਾਗੀਰ ਸਿੰਘ ਕਾਹਲੋਂ ਤੇ ਸ਼ੰਗਾਰਾ ਸਿੰਘ ਭੁੱਲਰ ਦੀ ਸੰਗਤ ਵਿੱਚ ਸਤਵੇਂ ਦਹਾਕੇ ਦੀਆਂ ਯਾਦਗਾਰੀ ਮਿਲਣੀਆਂ ਮੇਰੀ ਜੀਵਨ ਪੂੰਜੀ ਦਾ ਮਹਿੰਗਾ ਹਾਸਲ ਹਨ।

## ਬੀ ਸੀ ਅਸੈਂਬਲੀ ਚੋਣਾਂ ਲਈ ਸਰਗਰਮੀਆਂ ਸ਼ੁਰੂ

### ਕਨਸਰਵੇਟਿਵ ਪਾਰਟੀ ਦੇ ਉਮੀਦਵਾਰਾਂ ਨੇ ਟੈਕਸੀ ਚਾਲਕਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 11 ਮਾਰਚ : ਬੀ ਸੀ ਅਸੈਂਬਲੀ ਚੋਣਾਂ ਇਸ ਸਾਲ ਨਵੰਬਰ ਮਹੀਨੇ ਵਿੱਚ ਹੋਣੀਆਂ ਹਨ ਅਤੇ ਇਹਨਾਂ ਚੋਣਾਂ ਲਈ ਰਾਜਸੀ ਪਾਰਟੀਆਂ ਨੇ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀਆਂ ਨੇ ਆਪਣੇ ਕੁਝ ਉਮੀਦਵਾਰ ਵੀ ਐਲਾਨ ਦਿੱਤੇ ਹਨ। ਇਸ ਵਾਰ ਕਨਸਰਵੇਟਿਵ ਪਾਰਟੀ ਆਫ ਬੀਸੀ ਦੂਜੀਆਂ ਦੋਹਾਂ ਪਾਰਟੀਆਂ ਨੂੰ ਵੱਡੀ ਟੱਕਰ ਦੇਣ ਲਈ ਮੈਦਾਨ ਵਿੱਚ ਆ ਰਹੀ ਹੈ। ਪਾਰਟੀ ਦੇ ਲੀਡਰ ਜੋਹਨ ਰਸਟਡ ਦੀ ਅਗਵਾਈ ਹੇਠ ਪਾਰਟੀ ਉਮੀਦਵਾਰਾਂ ਦੀ ਨੋਮੀਨੇਸ਼ਨ ਕੀਤੀ ਜਾ ਰਹੀ ਹੈ। ਇਸੇ ਤਹਿਤ ਸਰੀ ਵਿੱਚ ਵੀ ਇਸ ਪਾਰਟੀ ਵੱਲੋਂ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਗਈਆਂ ਹਨ ਅਤੇ ਪੰਜਾਬੀ ਭਾਈਚਾਰੇ ਦੇ ਕਈ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਇਹਨਾਂ ਉਮੀਦਵਾਰਾਂ ਵਿੱਚ ਸਰੀ ਨੌਰਥ ਤੋਂ ਮਨਦੀਪ ਸਿੰਘ ਧਾਲੀਵਾਲ, ਸਰੀ ਕਲੋਵਰਡੇਲ ਤੋਂ ਡਾਕਟਰ ਜੋਡੀ ਤੂਰ, ਸਰੀ ਨਿਊਟਨ ਤੋਂ ਤੇਗਜੋਤ ਬੱਲ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਉਮੀਦਵਾਰਾਂ ਵੱਲੋਂ ਵੋਟਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।



ਬੀਤੇ ਦਿਨ ਪੰਜਾਬੀ ਭਾਈਚਾਰੇ ਦੇ ਇਹਨਾਂ ਉਮੀਦਵਾਰਾਂ ਨੇ ਪਾਰਟੀ ਲੀਡਰ ਜੋਹਨ ਰਸਟਡ ਦੀ ਰਹਿਨੁਮਾਈ ਹੇਠ ਟੈਕਸੀ ਚਾਲਕਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਨਾਮਜ਼ਦ ਕੀਤੇ ਗਏ ਉਮੀਦਵਾਰ ਮਨਦੀਪ ਧਾਲੀਵਾਲ, ਡਾਕਟਰ ਜੋਡੀ ਤੂਰ, ਤੇਗਜੋਤ ਬੱਲ ਅਤੇ ਜੋਹਨ ਰਸਟਡ ਅਤੇ ਨੌਮੀਨੇਸ਼ਨ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ (ਲੈਂਗਲੀ ਐਬਸਫੋਰਡ) ਹਰਮਨ ਭੰਗੂ ਸ਼ਾਮਿਲ ਹੋਏ। ਇਸ ਮੀਟਿੰਗ ਵਿਚ ਟੈਕਸੀ ਚਾਲਕਾਂ ਵੱਲੋਂ ਇੰਡਸਟਰੀ ਵਿਚ ਉਬਰ ਅਤੇ ਟੈਕਸੀ ਵਿੱਚ ਲੈਵਲ ਪਲੈਨਿੰਗ ਕਰਨ ਦਾ ਮੁੱਦਾ ਉਠਾਇਆ ਗਿਆ। ਟੈਕਸੀ ਚਾਲਕਾਂ ਨੇ ਵਹੀਕਲ ਦੀ ਏਜ ਲਿਮਿਟ ਨੂੰ ਸੁਖਾਲਾ ਕਰਨ ਅਤੇ ਬੱਸ ਲੇਨ ਵਿੱਚ ਟੈਕਸੀ ਚਲਾਉਣ ਦੀ ਆਗਿਆ ਹੋਣ ਦੀ ਮੰਗ ਕੀਤੀ। ਟੈਕਸੀ ਚਾਲਕਾਂ ਨੇ ਕਿਹਾ ਕਿ ਬਿਜਨਸ ਲਾਈਸੈਂਸ ਫੀਸ ਹਰ ਸਿਟੀ ਲਈ ਵੱਖੋ ਵੱਖਰੀ ਨਹੀਂ ਹੋਣੀ ਚਾਹੀਦੀ ਸਗੋਂ ਪੂਰੇ ਬੀਸੀ ਲਈ ਇੱਕ ਵਾਰ ਹੀ ਹੋਣੀ ਚਾਹੀਦੀ ਹੈ। ਟੈਕਸੀ ਚਾਲਕਾਂ ਨੇ ਇਹ ਵੀ ਕਿਹਾ ਕਿ ਜਿਵੇਂ ਸਿਟੀ ਵਿੱਚ ਟੈਕਸੀਆਂ ਦੀ ਗਿਣਤੀ ਉੱਪਰ ਕੈਪ ਹੈ ਉਸੇ ਤਰ੍ਹਾਂ ਹੀ ਉਬਰ ਲਈ ਵੀ ਕੈਪ ਹੋਣੀ ਚਾਹੀਦੀ ਹੈ। ਕੰਜਰਵੇਟਿਵ ਪਾਰਟੀ ਆਫ ਬੀਸੀ ਦੇ ਲੀਡਰ ਜੋਹਨ ਰਸਟਡ ਤੇ ਦੂਸਰੇ ਉਮੀਦਵਾਰਾਂ ਨੇ ਟੈਕਸੀ ਚਾਲਕਾਂ ਦੀਆਂ ਇਹਨਾਂ ਮੰਗਾਂ ਨੂੰ ਪਾਰਟੀ ਦੀ ਸਰਕਾਰ ਬਣਨ ਤੇ ਪੂਰੀਆਂ ਕਰਨ ਦਾ ਭਰੋਸਾ ਦੁਆਇਆ ਅਤੇ ਪਾਰਟੀ ਲਈ ਸਹਿਯੋਗ ਦੀ ਮੰਗ ਕੀਤੀ।

ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਅਮਰ ਅਲੀ, ਰਵੀ ਗਰੇਵਾਲ, ਸੰਦੀਪ ਤੂਰ, ਰਿੱਕੀ ਬਾਜਵਾ, ਸੁਰਜੀਤ ਪੱਤੜ, ਜਾਵੇਦ ਮਲਿਕ, ਕਮਲਦੀਪ ਸਿੰਘ ਮਾਨ, ਬਲਜਿੰਦਰ ਸਰਾਂ, ਗੁਰਜੀਤ ਦੂਲੇ, ਜਸਪਾਲ ਚੀਮਾ, ਤੇਗਨੂਰ ਚੀਮਾ, ਗੁਰਮਿੰਦਰ ਸਿੰਘ (ਮੈਨੇਜਰ ਟੈਕਸੀ), ਜਗਦੀਪ ਸੰਧੂ, ਜਗਦੀਪ ਜੌਹਲ ਅਤੇ ਸੁਖਵਿੰਦਰ ਸੰਧੂ ਹਾਜਰ ਸਨ।

## ਪੁਆਧ ਪੰਜਾਬੀ ਸਾਹਿਤਕ ਬੈਠਕ ਬਨੂੰੜ ਨੇ 'ਕਿਸਾਨ ਸੰਘਰਸ਼' ਨੂੰ ਸਮਰਪਿਤ ਕਵੀ ਦਰਬਾਰ ਸਜਾਇਆ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਬਨੂੰੜ, 11 ਮਾਰਚ : ਅੱਜ ਸ.ਸ.ਸ.ਸ. ਸਕੂਲ ਬੂਟਾ ਸਿੰਘ ਵਾਲਾ ਵਿਖੇ ਪੁਆਧ ਪੰਜਾਬੀ ਸਾਹਿਤਕ ਬੈਠਕ ਬਨੂੰੜ ਵੱਲੋਂ 'ਕਿਸਾਨ ਸੰਘਰਸ਼' ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਮੁੱਖ ਪ੍ਰਬੰਧਕ ਮਾਸਟਰ ਹਰਪ੍ਰੀਤ ਸਿੰਘ ਧਰਮਗੜ੍ਹ ਨੇ ਦੱਸਿਆ ਕਿ ਇਸ ਮਹੀਨਾਵਾਰ ਬੈਠਕ ਵਿੱਚ ਕਲਮਕਾਰਾਂ ਤੇ ਬੁਲਾਰਿਆਂ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਚੱਲ ਰਹੇ ਮੋਰਚਿਆਂ ਦੇ ਹੱਕ ਵਿੱਚ ਵਿਚਾਰ, ਗੀਤ ਤੇ ਕਵਿਤਾਵਾਂ ਸਾਂਝੀਆਂ ਕੀਤੀਆਂ ਗਈਆਂ।

ਕਾਮਰੇਡ ਸਤਪਾਲ ਸਿੰਘ ਸਰਪੰਚ ਰਾਜੋਮਾਜਰਾ ਅਤੇ ਪਾਲ ਸਿੰਘ ਕਰਾਲਾ ਨੇ ਪਹਿਲੇ ਅਤੇ ਮੌਜੂਦਾ ਕਿਸਾਨੀ ਮੋਰਚੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਦੀਦਾਰ ਸਿੰਘ ਬਨੂੰੜ ਨੇ ਰਚਨਾ "ਪੰਗਾਂ ਲੈ ਲਿਆ ਕਿਸਾਨਾਂ ਨਾਲ", ਬਾਪੂ ਤਾਰਾ ਸਿੰਘ ਮਠਿਆੜਾਂ ਨੇ "ਕਿਸਾਨ ਪਹਿਲਾਂ ਹੀ ਮਜਬੂਰ", ਰਾਣਾ ਰਣਬੀਰ ਸਿੰਘ ਟੋਡਰਪੁਰੀਆ ਨੇ "ਦਿੱਲੀ ਆਖੇ ਭਾਰਤ ਨੂੰ ਫੇਰ ਕਿਸਾਨ ਮੋਰਚਾ ਆਉਂਦਾ", ਕਾਮਰੇਡ ਮੋਹਨ ਸਿੰਘ ਨੇ ਕਿਸਾਨੀ ਬੋਲੀਆਂ ਸੁਣਾ ਕੇ ਵਾਹ ਵਾਹ ਖੱਟੀ। ਗੀਤਕਾਰ ਧੰਨਾ ਧਾਲੀਵਾਲ ਨੇ "ਘਾਟੇ ਅਕਲਾਂ ਦੇ ਕਰ ਦੇਣ ਨਾ ਤਬਾਹ ਮਾਲਕਾ", ਬਾਲ ਕਲਾਕਾਰ ਸਹਿਜਪ੍ਰੀਤ ਸਿੰਘ ਨੇ ਆਪਣੇ ਪਿਤਾ ਅਜੈਬ ਸਿੰਘ ਦਾ ਲਿਖਿਆ ਗੀਤ "ਰੱਬਾ ਮੇਹਰ ਕਰੀਂ ਉਨ੍ਹਾਂ ਉੱਤੇ ਆਪਣੀ, ਜੋ ਬਾਰਡਰਾਂ ਤੇ ਡਟੀ ਬੈਠੇ ਸੂਰਮੇ" ਅਤੇ ਬੱਚੀ ਹਰਸਿਰਤ ਕੌਰ ਨੇ ਸਾਇਕਲ (ਕਵਿਤਾ), ਗਾਇਕ ਬਲਦੀਪ ਖਲੌਰ ਨੇ "ਮੈਂ ਕੋਇਲ ਨਿਮਾਣੀ ਬਾਗਾਂ ਦੀ ਰਾਣੀ" ਅਤੇ ਮਨੋਜ ਕੁਮਾਰ ਸੰਗੀਤ ਅਧਿਆਪਕ ਮਟੌਰ (ਮੋਹਾਲੀ) ਨੇ "ਸਾਨੂੰ ਕਿੰਨਾ ਤੂੰ ਪਿਆਰਾ ਸਾਡਾ ਰੱਬ ਜਾਣਦਾ" ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਬੈਠਕ ਵੱਲੋਂ ਸਮੁੱਚੇ ਪੇਸ਼ਕਾਰਾਂ ਨੂੰ ਸਰਟੀਫਿਕੇਟਾਂ ਅਤੇ ਸਨਮਾਨ ਚਿੰਨ੍ਹਾਂ ਸਨਮਾਨਿਤ ਕੀਤਾ ਗਿਆ। ਉਪਰੰਤ ਰਿਟਾ. ਲੈਕਚਰਾਰ ਦਿਆਲ ਸਿੰਘ ਨੇ ਹਾਜਰੀਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਬਖਸ਼ ਸਿੰਘ ਧਰਮਗੜ੍ਹ, ਸੁਰਜੀਤ ਸਿੰਘ ਰਾਜੋਮਾਜਰਾ, ਮੇਹਰ ਸਿੰਘ ਧਰਮਗੜ੍ਹ, , ਕਰਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਜਸਰੀਤ ਕੌਰ, ਲਵਪ੍ਰੀਤ ਸਿੰਘ, ਪ੍ਰੇਮ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਮਾਖਿਓਂ ਮਿੱਠੀ ਸਾਡੀ ਮਾਂ ਬੋਲੀ ਪੰਜਾਬੀ ।

ਵਰਲਡ ਪੰਜਾਬੀ ਟਾਈਮਜ਼



ਫ਼ਤਹਿਗੜ੍ਹ ਸਾਹਿਬ, 11 ਮਾਰਚ :ਮਾਂ ਬੋਲੀ ਨਾਲ ਸਭ ਤੋਂ ਪਹਿਲਾ ਮਾਂ ਹੀ ਬੱਚੇ ਦੀ ਸਾਂਝ ਪੁਆਉਂਦੀ ਹੈ, ਤਾਹੀ ਤਾਂ ਇਹ ਮਾਤ ਭਾਸ਼ਾ ਅਖਵਾਉਂਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਰਦੀਪ ਸਿੰਘ ਐਮ. ਡੀ. ਟਰਾਇਕੈਮ ਥਰੈਪੀ ਸੈਂਟਰ ਸਰਹਿੰਦ ਨੇ ਕੀਤਾ, ਉਨ੍ਹਾਂ ਕਿਹਾ ਕਿ ਸਾਨੂੰ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਇਹ ਮਾਖਿਓਂ ਮਿੱਠੀ ਸਾਡੀ ਮਾਂ ਬੋਲੀ ਪੰਜਾਬੀ ਜੋ ਮੌਜੂਦਾ ਸਮੇਂ ਦੇਸ਼ਾਂ-ਵਿਦੇਸ਼ਾਂ ਵਿਚ ਵੀ ਬੋਲੀ, ਸੁਣੀ ਤੇ ਲਿਖੀਂ ਜਾ ਰਹੀ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਗੁਰਪ੍ਰੀਤ ਸਿੰਘ ਅਤੇ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਮਾਂ ਬੋਲੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੁੰਦੀ ਹੈ। ਹਰ ਵਿਅਕਤੀ ਨੂੰ ਆਪਣੀ ਮਾਂ ਬੋਲੀ ਦਾ ਗਿਆਨ ਹੋਣਾ ਬੇਹੱਦ ਜ਼ਰੂਰੀ ਹੈ। ਇਸ ਉਪਰੰਤ ਸੰਤ ਬਾਬਾ ਉੱਤਮ ਸਿੰਘ ਜੀ ਸੇਵਾ ਸੁਸਾਇਟੀ ਸਰਹਿੰਦ ਦੇ ਸੀਨੀਅਰ ਮੈਂਬਰ ਜਸਵਿੰਦਰ ਪਾਲ ਸਿੰਘ ਅਤੇ ਜੀਵਨ ਰੇਖਰਾਓ ਵੱਲੋ ਟਰਾਇਕੈਮ ਥਰੈਪੀ ਸੈਂਟਰ ਸਰਹਿੰਦ ਦੇ ਐਮ.ਡੀ. ਪਰਦੀਪ ਸਿੰਘ ਦੀਆ ਸਮਾਜ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਵਿਸ਼ੇਸ਼ ਸਨਮਾਨ ਚਿੰਨ ਭੇਂਟ ਕਰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਵਿੰਦਰ ਸਿੰਘ, ਮੈਡਮ ਨੇਹਾ, ਮੈਡਮ ਅੰਜਲੀ, ਜਗਰੂਪ, ਕਮਲ ਅਤੇ ਸੁਸਾਇਟੀਮੈਂਬਰ ਆਦਿ ਹਾਜ਼ਰ ਸਨ।

## ਸਰਬਸੰਮਤੀ ਨਾਲ਼ ਸਤਲੁਜ ਪ੍ਰੈਸ ਕਲੱਬ ਰੂਪਨਗਰ ਦੀ ਚੋਣ ਹੋਈ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ

ਰੋਪੜ, 11 ਮਾਰਚ : ਰੋਪੜ ਅਤੇ ਇਲਾਕੇ ਦੇ ਸਮੂਹ ਪੱਤਰਕਾਰ ਸਾਥੀਆਂ ਦੀ ਮੀਟਿੰਗ ਅੱਜ ਵਾਟਰ ਲਿੱਲੀ ਹੋਟਲ ਵਿਖੇ ਕੀਤੀ ਗਈ। ਜਿੱਥੇ ਪੱਤਰਕਾਰ ਸਾਥੀਆਂ ਨੇ ਨਵੇਂ ਪ੍ਰੈਸ ਕਲੱਬ ਦੀ ਚੋਣ ਦਾ ਫੈਸਲਾ ਕਰਕੇ ਸਰਬਸੰਮਤੀ ਨਾਲ਼ ਸਤਲੁਜ ਪ੍ਰੈਸ ਕਲੱਬ ਰੂਪਨਗਰ ਦਾ ਗਠਨ ਕੀਤਾ। ਜਿਸ ਦੌਰਾਨ ਅਸ਼ੋਕ ਕੁਮਾਰ ਨੂੰ ਸਰਪ੍ਰਸਤ, ਸਰਬਜੀਤ ਸਿੰਘ ਕੋਟਲਾ ਨਿਹੰਗ ਨੂੰ ਪ੍ਰ



ਧਾਨ, ਅਵਤਾਰ ਸਿੰਘ ਕੰਬੋਜ ਨੂੰ ਮੀਤ ਪ੍ਰਧਾਨ, ਸ਼ਮਸ਼ੇਰ ਸਿੰਘ ਬੱਗਾ ਨੂੰ ਜਰਨਲ ਸਕੱਤਰ, ਦਰਸ਼ਨ ਸਿੰਘ ਗਰੇਵਾਲ ਨੂੰ ਖਜਾਨਚੀ, ਗੁਰਮਿੰਦਰ ਸਿੰਘ ਸੀਹੋਂਮਾਜਰਾ ਨੂੰ ਵਧੀਕ ਸਕੱਤਰ ਅਤੇ ਸੋਮਰਾਜ ਸ਼ਰਮਾ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ। ਇਸੇ ਤਰ੍ਹਾਂ ਅਨੁਸ਼ਾਸਨੀ ਕਮੇਟੀ ਵਿੱਚ ਪ੍ਰਧਾਨ ਅਤੇ ਜਰਨਲ ਸਕੱਤਰ ਸਮੇਤ ਕਮਲ ਭਾਰਜ, ਅਮਰ ਸ਼ਰਮਾ ਅਤੇ ਮਨਪ੍ਰੀਤ ਸਿੰਘ ਤੋਕੀ ਘਨੌਲੀ ਨੂੰ ਮੈਂਬਰ ਬਣਾਇਆ ਗਿਆ। ਵਿਜੇ ਕਪੂਰ, ਕਸ਼ਮੀਰ ਚੰਦ ਰਾਣਾ, ਮਨਦੀਪ ਸਿੰਘ, ਕੁਲਵੰਤ ਸਿੰਘ ਸੈਣੀ, ਪਰਮਜੀਤ ਸਿੰਘ, ਅਨਿਲ ਸ਼ਰਮਾ, ਸੰਜੀਵ ਠਾਕੁਰ, ਗੁਰਮੀਤ ਸਿੰਘ ਟੋਨੀ, ਦਵਿੰਦਰ ਸ਼ਰਮਾ, ਰਾਧੇ ਸ਼ਿਆਮ, ਧਰੁਵ ਨਾਰੰਗ, ਪੁਲਕਿਤ ਬੈਂਸ ਅਤੇ ਗੁਰਬਿੰਦਰ ਸਿੰਘ (ਰੋਮੀ ਘੜਾਮੇਂ ਵਾਲ਼ਾ) ਨੂੰ ਮੈਂਬਰ ਬਣਾਇਆ ਗਿਆ ਹੈ। ਮੀਟਿੰਗ ਤੋਂ ਬਾਅਦ ਪ੍ਰਧਾਨ ਸਰਬਜੀਤ ਸਿੰਘ ਨੇ ਸਮੂਹ ਪੱਤਰਕਾਰ ਸਾਥੀਆਂ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਕੇ ਹੱਲ ਕਰਵਾਉਣ ਦਾ ਯਤਨ ਕਰਨ ਦਾ ਅਹਿਦ ਲਿਆ।